# Oyster ਨਾਲ ਇੱਕ ਤੋਂ ਦੂਜੀ ਥਾਂ 'ਤੇ ਜਾਣਾ




MAYOR OF LONDON

National Rail

Transport for London

# ਮੇਅਰ ਦੁਆਰਾ ਜਾਣ-ਪਛਾਣ



## Oyster ਵਿਖੇ ਜੀ ਆਇਆਂ ਨੂੰ !

Oyster ਕਾਰਡ ਦੇ ਅਰੰਭ ਹੋਣ ਤੋਂ ਲੈ ਕੇ ਹੁਣ ਤਕ ਇਹ ਰਾਜਧਾਨੀ ਵਿੱਚ ਪਬਲਿਕ ਟ੍ਰਾਂਸਪੋਰਟ 'ਤੇ ਸਫ਼ਰ ਕਰਨ ਲਈ ਸਭ ਤੋਂ ਫੁਰਤੀਲਾ ਅਤੇ ਸਭ ਤੋਂ ਸੌਖਾ ਤਰੀਕਾ ਬਣ ਗਿਆ ਹੈ। ਲੰਡਨ ਵਿੱਚ ਹਰ ਰੋਜ਼ Oyster ਦੀ ਵਰਤੋਂ ਕਰਕੇ ਲੱਖਾਂ ਯਾਤਰਾਵਾਂ ਕੀਤੀਆਂ ਜਾਂਦੀਆਂ ਹਨ ਅਤੇ ਇਹ ਸਾਡੀਆਂ ਟ੍ਰਾਂਸਪੋਰਟ ਪ੍ਰਣਾਲੀਆਂ ਨੂੰ ਨਿਰਵਿਘਨ ਚਲਦੇ ਰਹਿਣ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦਾ ਹੈ।

ਭਾਵੇਂ ਤੁਸੀਂ ਕੋਈ ਟ੍ਰੈਵਲਕਾਰਡ (Travelcard) ਵਰਤਦੇ ਹੋ ਜਾਂ ਪੇ ਐਜ਼ ਯੂ ਗੋ (pay as you go) ਕ੍ਰੈਡਿਟ, ਰਾਜਧਾਨੀ ਦੀਆਂ ਬੱਸਾਂ, ਟਿਊਬ (Tube), ਟ੍ਰਾਮਾਂ, ਡੀਐਲਆਰ (DLR), ਲੰਡਨ ਓਵਰਗ੍ਰਾਊਂਡ (London Overground) ਅਤੇ ਨੈਸ਼ਨਲ ਰੇਲ (National Rail) ਸੇਵਾਵਾਂ ਵਰਤਣ ਦਾ ਇਸਤੋਂ ਬਿਹਤਰ ਤਰੀਕਾ ਹੋਰ ਕੋਈ ਨਹੀਂ ਹੈ। ਇਹ ਇਕਤਰਫ਼ਾ ਯਾਤਰਾਵਾਂ ਲਈ ਭੁਗਤਾਨ ਕਰਨ ਲਈ ਵੀ ਸਭ ਤੋਂ ਸਸਤਾ ਤਰੀਕਾ ਹੈ।



**ਬੋਰਿਸ ਜੌਨਸਨ, ਲੰਡਨ ਦੇ ਮੇਅਰ**
**(Boris Johnson, Mayor of London)**

# Oyster ਤੁਹਾਡੇ ਲਈ ਕੀ ਕਰ ਸਕਦਾ ਹੈ?

## Oyster ਲੰਡਨ ਵਿੱਚ ਬੱਸ, ਟਿਊਬ, ਟ੍ਰਾਮ, ਡੀਐਲਆਰ, ਲੰਡਨ ਓਵਰਗ੍ਰਾਊਂਡ ਅਤੇ ਨੈਸ਼ਨਲ ਰੇਲ ਸੇਵਾਵਾਂ 'ਤੇ ਇਕਤਰਫ਼ਾ ਯਾਤਰਾਵਾਂ ਲਈ ਭੁਗਤਾਨ ਕਰਨ ਦਾ ਸਭ ਤੋਂ ਸਸਤਾ ਤਰੀਕਾ ਹੈ।

£5 ਦੇ ਡਿਪਾਜ਼ਿਟ ਨਾਲ ਇੱਕ Oyster ਕਾਰਡ ਖਰੀਦੋ ਅਤੇ ਇਸਨੂੰ ਪੇ ਐਜ਼ ਯੂ ਗੋ ਕ੍ਰੈਡਿਟ ਨਾਲ ਟੌਪ-ਅੱਪ (top up) ਕਰੋ ਅਤੇ/ਜਾਂ ਇਸ 'ਤੇ ਆਪਣੀ ਸੀਜ਼ਨ ਟਿਕਟ (season ticket) ਜੋੜੋ। ਅਤੇ ਯਾਦ ਰੱਖੋ ਕਿ ਤੁਹਾਡਾ Oyster ਕਾਰਡ ਮੁੜ-ਵਰਤਣਯੋਗ ਹੈ!

ਇਹ ਪਤਾ ਲਗਾਉਣ ਲਈ ਪੰਨਾ 4 ਉੱਪਰ ਦਿੱਤਾ ਟੇਬਲ ਦੇਖੋ ਕਿ ਜੇ ਤੁਸੀਂ ਇਕਤਰਫ਼ਾ ਯਾਤਰਾਵਾਂ ਲਈ ਭੁਗਤਾਨ ਕਰਨ ਵਾਸਤੇ ਨਕਦੀ ਦੀ ਬਜਾਏ Oyster ਦੀ ਵਰਤੋਂ ਕਰਦੇ ਹੋ ਤਾਂ ਤੁਸੀਂ ਕਿੰਨੀ ਬਚਤ ਕਰ ਸਕਦੇ ਹੋ।

ਇਸਤੋਂ ਇਲਾਵਾ, ਜੇ ਤੁਸੀਂ ਆਪਣੇ Oyster ਕਾਰਡ ਨੂੰ ਰਜਿਸਟਰ ਕਰਾਉਂਦੇ ਹੋ, ਤਾਂ ਇਸ 'ਤੇ ਪਈ ਨਕਦੀ ਅਤੇ ਟਿਕਟਾਂ ਗੁੰਮ ਜਾਂ ਚੋਰੀ ਹੋਣ ਤੋਂ ਸੁਰੱਖਿਅਤ ਹੋਣਗੀਆਂ। ਸਟੇਸ਼ਨਾਂ ਜਾਂ Oyster ਟਿਕਟ ਸਟਾਪਾਂ ਤੋਂ ਰਜਿਸਟ੍ਰੇਸ਼ਨ ਫ਼ਾਰਮ ਚੁੱਕੋ, ਜਾਂ ਆਪਣੇ ਕਾਰਡ ਨੂੰ **tfl.gov.uk/oyster** 'ਤੇ ਆਨਲਾਈਨ ਸੁਰੱਖਿਅਤ ਕਰੋ ਅਤੇ ਸੰਭਾਲੋ।

ਬੱਚਿਆਂ, ਕਿਸ਼ੋਰਾਂ, ਵਿਦਿਆਰਥੀਆਂ ਅਤੇ ਕੁਝ ਬਾਲਗਾਂ ਲਈ ਛੋਟਾਂ ਉਪਲਬਧ ਹਨ - ਵਧੇਰੇ ਜਾਣਕਾਰੀ ਲਈ **tfl.gov.uk/tickets** 'ਤੇ ਜਾਓ ਜਾਂ **0845 330 9876** 'ਤੇ ਕਾਲ ਕਰੋ।



# ਬਾਲਗਾਂ ਲਈ Oyster ਇਕਤਰਫ਼ਾ ਕਿਰਾਇਆਂ 'ਤੇ ਬਚਤਾਂ

| ਇਹਨਾਂ ਜ਼ੋਨਾਂ ਵਿੱਚ ਯਾਤਰਾਵਾਂ: | ਨਕਦ | Oyster ਪੇ ਐਜ਼ ਯੂ ਗੋ | |
|---|---|---|---|
| | | ਵਿਅਸਤ[1]* | ਗੈਰ-ਵਿਅਸਤ[2]* |
| **ਟਿਊਬ, ਡੀਐਲਆਰ, ਲੰਡਨ ਓਵਰਗ੍ਰਾਊਂਡ, ਕੁਝ ਨੈਸ਼ਨਲ ਰੇਲ ਸੇਵਾਵਾਂ[3]*** | | | |
| ਸਿਰਫ਼ ਜ਼ੋਨ 1 | £4.00 | £1.90 | £1.90 |
| ਜ਼ੋਨ 1-2 | £4.00 | £2.50 | £1.90 |
| ਜ਼ੋਨ 1-4 | £5.00 | £3.40 | £2.50 |
| ਜ਼ੋਨ 1-6 | £5.00 | £4.50 | £2.70 |
| **ਜ਼ਿਆਦਾਤਰ ਨੈਸ਼ਨਲ ਰੇਲ ਸੇਵਾਵਾਂ** | | | |
| ਸਿਰਫ਼ ਜ਼ੋਨ 1 | £2.20 | £2.00 | £1.50 |
| ਜ਼ੋਨ 1-2 | £2.60 | £2.20 | £1.70 |
| ਜ਼ੋਨ 1-4 | £4.00 | £3.30 | £2.30 |
| ਜ਼ੋਨ 1-6 | £5.50 | £5.20 | £3.20 |
| **ਬੱਸ ਅਤੇ ਟ੍ਰਾਮ** | | | |
| ਕੋਈ ਵੀ ਯਾਤਰਾ | £2.20 | £1.30 | |

[1]* **ਵਿਅਸਤ** Oyster ਇਕਤਰਫ਼ਾ ਕਿਰਾਏ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 0630 ਵਜੇ ਤੋਂ 0930 ਵਜੇ ਤੱਕ ਅਤੇ ਸ਼ਾਮ 1600 ਵਜੇ ਤੋਂ ਰਾਤ 1900 ਵਜੇ ਤੱਕ (ਸਰਕਾਰੀ ਛੁੱਟੀਆਂ ਤੋਂ ਛੁੱਟ) ਲਾਗੂ ਹੁੰਦੇ ਹਨ।

[2]* ਦੂਜੇ ਸਾਰੇ ਸਮਿਆਂ 'ਤੇ, **ਗੈਰ-ਵਿਅਸਤ** Oyster ਇਕਤਰਫ਼ਾ ਕਿਰਾਏ ਲਾਗੂ ਹੁੰਦੇ ਹਨ।

[3]* ਜ਼ੋਨ **1** ਤੋਂ ਬਾਹਰ ਸ਼ੁਰੂ ਹੋਣ ਵਾਲੀਆਂ ਅਤੇ ਜ਼ੋਨ **1** ਵਿੱਚ ਖਤਮ ਹੋਣ ਵਾਲੀਆਂ ਯਾਤਰਾਵਾਂ ਲਈ ਵੀ ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮ 1600 ਵਜੇ ਤੋਂ ਰਾਤ 1900 ਵਜੇ ਤੱਕ **ਗੈਰ-ਵਿਅਸਤ** Oyster ਇਕਤਰਫ਼ਾ ਕਿਰਾਏ ਲਾਗੂ ਹੁੰਦੇ ਹਨ।

ਵਧੇਰੇ ਵੇਰਵਿਆਂ ਲਈ, **tfl.gov.uk/tickets** 'ਤੇ ਜਾਓ।

# Oyster ਨਾਲ ਆਪਣੀ ਯਾਤਰਾ ਲਈ ਭੁਗਤਾਨ ਕਰਨਾ

### ਪੇ ਐਜ਼ ਯੂ ਗੋ

## ਜੇ ਤੁਹਾਨੂੰ ਸਿਰਫ਼ ਆਪਣੀਆਂ ਯਾਤਰਾਵਾਂ ਕਰਦੇ ਸਮੇਂ ਹੀ ਭੁਗਤਾਨ ਕਰਨ ਦੀ ਲੋੜ ਮੁਤਾਬਕ ਵਿਵਸਥਾ ਚਾਹੀਦੀ ਹੈ ਤਾਂ Oyster ਪੇ ਐਜ਼ ਯੂ ਗੋ ਦੀ ਵਰਤੋਂ ਕਰੋ।

ਪੇ ਐਜ਼ ਯੂ ਗੋ ਤੁਹਾਨੂੰ ਇਕਤਰਫ਼ਾ ਯਾਤਰਾਵਾਂ ਲਈ ਭੁਗਤਾਨ ਕਰਨ ਵਾਸਤੇ ਆਪਣੇ Oyster ਕਾਰਡ 'ਤੇ ਕ੍ਰੈਡਿਟ ਸਾਂਭਣ ਦੀ ਸਹੂਲਤ ਦਿੰਦਾ ਹੈ, ਜੋ ਕਿ ਨਕਦ ਭੁਗਤਾਨ ਕਰਨ ਦੇ ਮੁਕਾਬਲੇ ਸਸਤਾ ਹੈ। ਸਾਡਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ Oyster ਹਮੇਸ਼ਾ ਸਭ ਤੋਂ ਘੱਟ ਕਿਰਾਇਆ ਲਗਾਏ। ਜਿੱਥੇ ਅਜਿਹਾ ਨਹੀਂ ਹੁੰਦਾ ਉੱਥੇ ਅਸੀਂ ਰਕਮ ਵਿਚਲੇ ਫ਼ਰਕ ਦਾ ਰਿਫ਼ੰਡ (ਧਨ ਵਾਪਸੀ) ਕਰਾਂਗੇ।

ਤੁਹਾਡੇ Oyster ਕਾਰਡ 'ਤੇ ਕ੍ਰੈਡਿਟ ਦੀ ਮਿਆਦ ਕਦੇ ਨਹੀਂ ਪੁੱਗਦੀ। ਜਦੋਂ ਤੱਕ ਤੁਸੀਂ ਇਸਨੂੰ ਵਰਤ ਨਾ ਲਓ ਇਹ ਉੱਥੇ ਹੀ ਰਹਿੰਦੀ ਹੈ। ਜਦੋਂ ਤੁਸੀਂ ਆਪਣੀ ਕ੍ਰੈਡਿਟ ਦੀ ਵਰਤੋਂ ਕਰ ਲਓ ਤਾਂ ਬਸ ਇਸਨੂੰ ਟੌਪ-ਅੱਪ ਕਰਵਾ ਲਓ।

### Oyster ਦੀ ਰੋਜ਼ਾਨਾ ਕੀਮਤ ਦੀ ਹੱਦਬੰਦੀ

ਇਸ ਨਾਲ ਤੁਸੀਂ ਇੱਕ ਦਿਨ ਵਿੱਚ (0430 ਤੋਂ ਲੈ ਕੇ ਅਤੇ ਅਗਲੇ ਦਿਨ 0430 ਵਜੇ ਤੋਂ ਪਹਿਲਾਂ ਤੱਕ) ਜਿੰਨੀ ਵਾਰ ਚਾਹੋ ਯਾਤਰਾ ਕਰ ਸਕਦੇ ਹੋ, ਅਤੇ ਤੁਸੀਂ ਕਦੇ ਵੀ ਇੱਕ ਬਰਾਬਰ ਦੇ ਡੇ ਟ੍ਰੈਵਲਕਾਰਡ (Day Travelcard) ਦੀ ਕੀਮਤ ਨਾਲੋਂ ਵੱਧ ਦਾ ਭੁਗਤਾਨ ਨਹੀਂ ਕਰੋਗੇ*। ਸਿਸਟਮ ਇਸ ਅਧਾਰ 'ਤੇ ਹੱਦ ਦਾ ਹਿਸਾਬ ਲਗਾਉਂਦਾ ਹੈ ਕਿ ਤੁਸੀਂ ਕਦੋਂ ਅਤੇ ਕਿਵੇਂ ਯਾਤਰਾ ਕਰਦੇ ਹੋ। ਸਹੀ ਰੋਜ਼ਾਨਾ ਕੀਮਤ ਦੀ ਹੱਦ ਲਾਗੂ ਹੋਵੇ, ਇਸਦੇ ਲਈ ਇਹ ਲਾਜ਼ਮੀ ਹੈ ਕਿ ਤੁਸੀਂ ਸਹੀ ਢੰਗ ਨਾਲ ਟੱਚ ਇਨ (ਅੰਦਰ ਜਾਣ ਸਮੇਂ ਛੂਹਣਾ) ਅਤੇ ਟੱਚ ਆਊਟ (ਬਾਹਰ ਨਿਕਲਣ ਸਮੇਂ ਛੂਹਣਾ) ਕਰੋ – ਵੇਰਵਿਆਂ ਲਈ ਪੰਨਾ 8 'ਤੇ, 'ਆਪਣੇ Oyster ਕਾਰਡ ਦੀ ਵਰਤੋਂ ਕਿਵੇਂ ਕੀਤੀ ਜਾਵੇ' ਦੇਖੋ।

*Grays, Purfleet, Ockenden ਜਾਂ Chafford Hundred ਨੂੰ/ਤੋਂ ਸਫ਼ਰ ਲਈ ਲਾਗੂ ਨਹੀਂ ਹੁੰਦਾ

### ਆਟੋ ਟੌਪ-ਅੱਪ (Auto top-up)

## ਜੇ ਤੁਸੀਂ ਪੇ ਐਜ਼ ਯੂ ਗੋ ਦੀ ਵਰਤੋਂ ਕਰਦੇ ਹੋ ਤਾਂ ਤੁਸੀਂ ਆਟੋ ਟੌਪ-ਅੱਪ ਕਾਇਮ ਕਰਕੇ ਹੋਰ ਵੀ ਸਮਾਂ ਬਚਾ ਸਕਦੇ ਹੋ।

ਤੁਹਾਨੂੰ ਕ੍ਰੈਡਿਟ ਜੋੜਨ ਲਈ ਦੁਬਾਰਾ ਕਤਾਰ ਵਿੱਚ ਲੱਗਣ ਦੀ ਲੋੜ ਨਹੀਂ। ਜਦੋਂ ਵੀ ਤੁਹਾਡਾ ਬਕਾਇਆ £8 ਤੋਂ ਹੇਠਾਂ ਜਾਵੇਗਾ, ਤਾਂ ਤੁਹਾਡਾ Oyster ਕਾਰਡ ਆਪਣੇ ਆਪ ਹੀ £20 ਜਾਂ £40 ਦੀ ਕ੍ਰੈਡਿਟ (ਜੋ ਵੀ ਤੁਸੀਂ ਚੁਣਦੇ ਹੋ) ਨਾਲ ਟੌਪ-ਅੱਪ ਹੋ ਜਾਵੇਗਾ। ਇਸਦਾ ਮਤਲਬ ਹੈ ਕਿ ਤੁਹਾਡੇ ਕੋਲ ਪੇ ਐਜ਼ ਯੂ ਗੋ ਲਈ ਕਦੇ ਵੀ ਕ੍ਰੈਡਿਟ ਨਹੀਂ ਮੁੱਕੇਗਾ। ਆਟੋ ਟੌਪ-ਅੱਪ ਕਾਇਮ ਕਰਨ ਲਈ **tfl.gov.uk/oyster** 'ਤੇ ਜਾਓ।

# ਟ੍ਰੈਵਲਕਾਰਡ ਅਤੇ ਬੱਸ ਤੇ ਟ੍ਰਾਮ ਪਾਸ (Bus & Tram Pass) ਸੀਜ਼ਨ ਟਿਕਟਾਂ

## ਆਪਣੇ Oyster ਕਾਰਡ 'ਤੇ ਆਪਣੀਆਂ ਸੀਜ਼ਨ ਟਿਕਟਾਂ ਨੂੰ ਪਹਿਲਾਂ ਤੋਂ ਹੀ ਜੋੜੋ ਅਤੇ ਰੀਨਿਊ ਕਰਾਓ।

**ਟ੍ਰੈਵਲਕਾਰਡ ਸੀਜ਼ਨ ਟਿਕਟਾਂ** (Travelcard season tickets) ਦੀ ਵਰਤੋਂ ਟਿਊਬ, ਡੀਐਲਆਰ, ਲੰਡਨ ਓਵਰਗ੍ਰਾਊਂਡ ਅਤੇ ਤੁਹਾਡੀ ਟਿਕਟ ਦੇ ਦਾਇਰੇ ਵਿੱਚ ਆਉਂਦੇ ਜ਼ੋਨਾਂ ਦੇ ਅੰਦਰ ਨੈਸ਼ਨਲ ਰੇਲ 'ਤੇ ਅਤੇ ਇਸ ਚਿੰਨ੍ਹ ਨੂੰ ਦਿਖਾਉਣ ਵਾਲੀਆਂ ਲੰਡਨ ਦੀਆਂ ਸਾਰੀਆਂ ਬੱਸਾਂ 'ਤੇ ਕੀਤੀ ਜਾ ਸਕਦੀ ਹੈ।

ਜ਼ੋਨਾਂ 3, 4, 5 ਜਾਂ 6 ਵਿੱਚ ਚੱਲਣ ਵਾਲਾ ਕੋਈ ਵੀ ਟ੍ਰੈਵਲਕਾਰਡ ਟ੍ਰਾਮਾਂ 'ਤੇ ਪ੍ਰਮਾਣਕ ਹੁੰਦਾ ਹੈ। ਇਸਦੇ ਨਾਲ ਹੀ ਆਪਣੇ Oyster ਕਾਰਡ 'ਤੇ ਟ੍ਰੈਵਲਕਾਰਡ ਦੇ ਨਾਲ ਰਿਵਰਬੋਟ (Riverboat) ਕਿਰਾਇਆਂ 'ਤੇ 1/3 ਛੋਟ ਪ੍ਰਾਪਤ ਕਰੋ।

ਬੱਸ ਅਤੇ ਟ੍ਰਾਮ ਪਾਸ ਸੀਜ਼ਨ ਟਿਕਟਾਂ ਦੀ ਵਰਤੋਂ ਲੰਡਨ ਦੀਆਂ ਸਾਰੀਆਂ ਬੱਸਾਂ ਅਤੇ ਟ੍ਰਾਮਾਂ 'ਤੇ ਕੀਤੀ ਜਾ ਸਕਦੀ ਹੈ।

ਕਿਰਪਾ ਕਰਕੇ ਯਾਦ ਰੱਖੋ ਕਿ, ਜੇ ਤੁਹਾਡੇ Oyster ਕਾਰਡ 'ਤੇ ਸੀਜ਼ਨ ਟਿਕਟ ਹੈ, ਤਾਂ ਇਹ ਸਿਰਫ਼ ਤੁਹਾਡੀ ਵਰਤੋਂ ਲਈ ਹੀ ਹੁੰਦੀ ਹੈ ਅਤੇ ਇਸ ਲਈ ਤੁਸੀਂ ਆਪਣਾ ਕਾਰਡ ਕਿਸੇ ਹੋਰ ਨੂੰ ਵਰਤਣ ਲਈ ਨਹੀਂ ਦੇ ਸਕਦੇ। ਸੀਜ਼ਨ ਟਿਕਟਾਂ 'ਤੇ ਹੋਰ ਜਾਣਕਾਰੀ ਲਈ **tfl.gov.uk/tickets** 'ਤੇ ਜਾਓ।

## ਸੀਜ਼ਨ ਟਿਕਟਾਂ ਅਤੇ ਪੇ ਐਜ਼ ਯੂ ਗੋ ਨੂੰ ਮਿਲਾਉਣਾ

### ਪੇ ਐਜ਼ ਯੂ ਗੋ ਕ੍ਰੈਡਿਟ ਅਤੇ ਆਪਣੀ ਸੀਜ਼ਨ ਟਿਕਟ ਨੂੰ ਇੱਕੋ ਹੀ ਕਾਰਡ 'ਤੇ ਸੰਭਾਲੋ।

ਇਸ ਨਾਲ ਤੁਸੀਂ:

- ਤੁਹਾਡੇ ਟ੍ਰੈਵਲਕਾਰਡ ਦੇ ਜ਼ੋਨਾਂ ਤੋਂ ਬਾਹਰ
- ਅਤੇ ਜੇ ਤੁਹਾਡੇ Oyster ਕਾਰਡ 'ਤੇ ਬੱਸ ਅਤੇ ਟ੍ਰਾਮ ਪਾਸ ਸੀਜ਼ਨ ਟਿਕਟ ਹੈ ਤਾਂ ਦੂਜੇ ਟ੍ਰਾਂਸਪੋਰਟ ਸਾਧਨਾਂ 'ਤੇ ਯਾਤਰਾ ਕਰ ਸਕਦੇ ਹੋ

## ਰਿਵਰ ਸੇਵਾਵਾਂ 'ਤੇ ਪੇ ਐਜ਼ ਯੂ ਗੋ

### ਥੇਮਸ ਕਲਿੱਪਰ (Thames Clipper) ਸੇਵਾਵਾਂ 'ਤੇ ਯਾਤਰਾਵਾਂ ਲਈ ਆਪਣੀ ਪੇ ਐਜ਼ ਯੂ ਗੋ ਕ੍ਰੈਡਿਟ ਦੀ ਵਰਤੋਂ ਕਰੋ।

ਜਦੋਂ ਤੁਸੀਂ Oyster ਪੇ ਐਜ਼ ਯੂ ਗੋ ਦੀ ਵਰਤੋਂ ਕਰਦੇ ਹੋ ਤਾਂ 10% ਛੋਟ ਪ੍ਰਾਪਤ ਕਰੋ। ਰਿਵਰ ਸੇਵਾਵਾਂ ਦੇ ਟਿਕਟ ਵਿਕ੍ਰੇਤਾ ਨੂੰ ਆਪਣਾ ਕਾਰਡ ਦਿਖਾਓ ਅਤੇ ਉਹ ਤੁਹਾਨੂੰ ਇੱਕ ਕਾਗਜ਼ੀ ਟਿਕਟ ਜਾਰੀ ਕਰ ਦੇਣਗੇ।
ਤੁਹਾਡੀ ਯਾਤਰਾ ਲਈ ਕਿਰਾਇਆ ਤੁਹਾਡੀ ਪੇ ਐਜ਼ ਯੂ ਗੋ ਕ੍ਰੈਡਿਟ ਤੋਂ ਕੱਟ ਲਿਆ ਜਾਵੇਗਾ - ਇਹ ਤੁਹਾਡੀ ਰੋਜ਼ਾਨਾ ਕੀਮਤ ਦੀ ਹੱਦਬੰਦੀ ਵਿੱਚ ਨਹੀਂ ਗਿਣਿਆ ਜਾਵੇਗਾ। ਵਧੇਰੇ ਵੇਰਵਿਆਂ ਲਈ **tfl.gov.uk/tickets** 'ਤੇ ਜਾਓ।



# ਆਪਣੇ Oyster ਕਾਰਡ ਦੀ ਵਰਤੋਂ ਕਿਵੇਂ ਕੀਤੀ ਜਾਵੇ

## ਪੀਲਾ ਕਾਰਡ ਰੀਡਰ



ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਟਿਊਬ, ਡੀਐਲਆਰ, ਲੰਡਨ ਓਵਰਗ੍ਰਾਊਂਡ ਅਤੇ ਨੈਸ਼ਨਲ ਰੇਲ ਸੇਵਾਵਾਂ 'ਤੇ ਸਹੀ ਕਿਰਾਏ ਦਾ ਭੁਗਤਾਨ ਕਰਦੇ ਹੋ, ਤੁਹਾਨੂੰ ਹਮੇਸ਼ਾਂ ਆਪਣੀ ਯਾਤਰਾ ਦੀ ਸ਼ੁਰੂਆਤ 'ਤੇ ਪੀਲੇ ਕਾਰਡ ਰੀਡਰ 'ਤੇ ਟੱਚ ਇਨ ਅਤੇ ਖਤਮ ਹੋਣ 'ਤੇ ਟੱਚ ਆਊਟ ਜ਼ਰੂਰ ਕਰਨਾ ਚਾਹੀਦਾ ਹੈ। ਜੇ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਵੱਧ ਤੋਂ ਵੱਧ Oyster ਕਿਰਾਏ ਦੀ ਵਸੂਲੀ ਕੀਤੀ ਜਾਵੇਗੀ।

ਬੱਸਾਂ 'ਤੇ ਚੜ੍ਹਦੇ ਸਮੇਂ ਤੁਹਾਨੂੰ ਟੱਚ ਇਨ ਜ਼ਰੂਰ ਕਰਨਾ ਚਾਹੀਦਾ ਹੈ, ਟ੍ਰਾਮਾਂ 'ਤੇ ਚੜ੍ਹਨ ਤੋਂ ਪਹਿਲਾਂ ਤੁਹਾਨੂੰ ਟ੍ਰਾਮ ਸਟਾਪ ਦੇ ਪਲੇਟਫ਼ਾਰਮ 'ਤੇ ਪੀਲੇ ਕਾਰਡ ਰੀਡਰ ਉੱਪਰ ਟੱਚ ਇਨ ਜ਼ਰੂਰ ਕਰਨਾ ਚਾਹੀਦਾ ਹੈ - ਦੋਹਾਂ ਹੀ ਸਥਿਤੀਆਂ ਵਿੱਚ ਤੁਹਾਨੂੰ ਆਪਣੀ ਯਾਤਰਾ ਦੇ ਖਤਮ ਹੋਣ 'ਤੇ ਟੱਚ ਆਊਟ ਬਿਲਕੁਲ ਵੀ ਨਹੀਂ ਕਰਨਾ ਚਾਹੀਦਾ।

ਜਦੋਂ ਤੁਸੀਂ ਕਾਰਡ ਰੀਡਰ 'ਤੇ ਆਪਣੇ Oyster ਕਾਰਡ ਨੂੰ ਛੁਹਾਉਂਦੇ ਹੋ, ਤਾਂ ਇੱਕ ਹਰੀ ਬੱਤੀ ਅਤੇ ਬੀਪ ਦਾ ਮਤਲਬ ਹੁੰਦਾ ਹੈ ਕਿ ਇਸਨੂੰ ਸਫ਼ਰ ਲਈ ਸਵੀਕਾਰ ਕਰ ਲਿਆ ਗਿਆ ਹੈ। ਦੋ ਬੀਪਾਂ ਦੇ ਨਾਲ ਲਾਲ ਬੱਤੀ ਜਗਣ ਦਾ ਮਤਲਬ ਹੁੰਦਾ ਹੈ ਕਿ ਤੁਹਾਡਾ Oyster ਕਾਰਡ ਅਸਵੀਕਾਰ ਕਰ ਦਿੱਤਾ ਗਿਆ ਹੈ। ਤੁਹਾਨੂੰ ਲਾਜ਼ਮੀ ਤੌਰ 'ਤੇ ਉਦੋਂ ਤੱਕ ਅੱਗੇ ਨਹੀਂ ਜਾਣਾ ਚਾਹੀਦਾ ਜਦੋਂ ਤੱਕ ਜਾਂ ਤਾਂ ਤੁਹਾਡਾ Oyster ਕਾਰਡ ਸਫ਼ਰ ਲਈ ਸਵੀਕਾਰ ਨਾ ਕਰ ਲਿਆ ਜਾਵੇ ਜਾਂ ਤੁਸੀਂ ਆਪਣੀ ਯਾਤਰਾ ਦੇ ਲਈ ਵੱਖਰੇ ਤੌਰ 'ਤੇ ਭੁਗਤਾਨ ਨਾ ਕਰ ਦਿੱਤਾ ਹੋਵੇ, ਨਹੀਂ ਤਾਂ ਤੁਹਾਡੇ 'ਤੇ ਹਰਜਾਨਾ ਕਿਰਾਇਆ ਲਗਾਇਆ ਜਾ ਸਕਦਾ ਹੈ ਜਾਂ ਮੁਕੱਦਮਾ ਚਲਾਇਆ ਜਾ ਸਕਦਾ ਹੈ।

## Oyster ਰੂਟ ਵੈਲੀਡੇਟਰ - ਗੁਲਾਬੀ ਕਾਰਡ ਰੀਡਰ



ਗੁਲਾਬੀ ਕਾਰਡ ਰੀਡਰ ਕੁਝ ਟਿਊਬ, ਲੰਡਨ ਓਵਰਗ੍ਰਾਊਂਡ ਅਤੇ ਨੈਸ਼ਨਲ ਰੇਲ ਸਟੇਸ਼ਨਾਂ 'ਤੇ ਸਥਿਤ ਹਨ ਤਾਂ ਜੋ ਤੁਸੀਂ ਇਹ ਦੱਸ ਸਕੋ ਕਿ ਤੁਸੀਂ ਕਿਹੜਾ ਰਾਹ ਲਿਆ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਉਚਿਤ ਕਿਰਾਏ ਦਾ ਭੁਗਤਾਨ ਕਰਦੇ ਹੋ। ਤੁਸੀਂ ਗੁਲਾਬੀ ਕਾਰਡ ਰੀਡਰ 'ਤੇ ਆਪਣੇ Oyster ਕਾਰਡ ਨੂੰ ਸਿਰਫ਼ ਤਾਂ ਹੀ ਛੁਹਾਉਣਾ ਹੈ ਜੇ ਤੁਸੀਂ ਆਪਣੀ ਯਾਤਰਾ ਦੇ ਕਿਸੇ ਹਿੱਸੇ ਲਈ Oyster ਪੇ ਐਜ਼ ਯੂ ਗੋ ਦੀ ਵਰਤੋਂ ਕਰ ਰਹੇ ਹੋ ਅਤੇ ਕਿਸੇ ਅਜਿਹੇ ਸਟੇਸ਼ਨ 'ਤੇ ਗੱਡੀਆਂ ਬਦਲ ਰਹੇ ਹੋ ਜਿੱਥੇ ਗੁਲਾਬੀ ਕਾਰਡ ਰੀਡਰ ਸਥਿਤ ਹੈ।

# ਆਪਣਾ Oyster ਕਾਰਡ ਕਿਵੇਂ ਪ੍ਰਾਪਤ ਕਰਨਾ ਹੈ, ਇਸ ਨੂੰ ਟੌਪ-ਅੱਪ ਅਤੇ ਸੁਰੱਖਿਅਤ ਕਿਵੇਂ ਕਰਨਾ ਹੈ

ਤੁਸੀਂ Oyster ਕਾਰਡ ਇੱਥੋਂ ਪ੍ਰਾਪਤ ਕਰ ਸਕਦੇ ਹੋ:

- **tfl.gov.uk/oyster** 'ਤੇ
- Oyster ਟਿਕਟ ਸਟਾਪਾਂ 'ਤੇ
- ਟਿਊਬ ਸਟੇਸ਼ਨਾਂ 'ਤੇ ਚੋਣਵੀਆਂ ਟੱਚਸਕ੍ਰੀਨ ਟਿਕਟ ਮਸ਼ੀਨਾਂ 'ਤੇ
- ਟਿਊਬ ਅਤੇ ਲੰਡਨ ਓਵਰਗ੍ਰਾਊਂਡ ਸਟੇਸ਼ਨ ਦੇ ਟਿਕਟ ਦਫ਼ਤਰਾਂ 'ਤੇ
- ਲੰਡਨ ਟ੍ਰੈਵਲ ਇਨਫ਼ਾਰਮੇਸ਼ਨ ਸੈਂਟਰਾਂ (London Travel Information Centres) 'ਤੇ
- ਨੈਸ਼ਨਲ ਰੇਲ ਸਟੇਸ਼ਨ ਦੇ ਚੋਣਵੇਂ ਟਿਕਟ ਦਫ਼ਤਰਾਂ 'ਤੇ

ਤੁਸੀਂ ਹੇਠਾਂ ਦਿੱਤੀਆਂ ਥਾਵਾਂ ਤੋਂ ਕ੍ਰੈਡਿਟ ਨਾਲ ਟੌਪ-ਅੱਪ ਕਰ ਸਕਦੇ ਹੋ ਅਤੇ ਸੀਜ਼ਨ ਟਿਕਟਾਂ ਖਰੀਦ ਜਾਂ ਰੀਨਿਊ ਕਰਵਾ ਸਕਦੇ ਹੋ:

- **tfl.gov.uk/oyster** 'ਤੇ (ਸਾਲਾਨਾ ਬੱਸ ਅਤੇ ਟ੍ਰਾਮ ਪਾਸ ਸੀਜ਼ਨ ਟਿਕਟਾਂ ਸਿਰਫ਼ ਪਹਿਲੀ ਵਾਰੀ ਜਾਰੀ ਕਰਨ ਲਈ ਹੀ ਆਨਲਾਈਨ ਉਪਲਬਧ ਹੁੰਦੀਆਂ ਹਨ)। ਆਨਲਾਈਨ ਖਰੀਦਣ ਦੇ 24 ਘੰਟਿਆਂ ਬਾਅਦ ਆਪਣੀ ਕ੍ਰੈਡਿਟ/ਸੀਜ਼ਨ ਟਿਕਟ ਨੂੰ ਆਪਣੀ ਯਾਤਰਾ ਦੇ ਹਿੱਸੇ ਵਜੋਂ ਟੱਚ ਇਨ ਕਰਕੇ ਪ੍ਰਾਪਤ ਕਰੋ
- Oyster ਟਿਕਟ ਸਟਾਪਾਂ 'ਤੇ – **tfl.gov.uk/ticketstopfinder** 'ਤੇ ਆਪਣਾ ਨੇੜਲਾ ਟਿਕਟ ਸਟਾਪ ਆਨਲਾਈਨ ਲੱਭੋ
- ਟਿਊਬ ਅਤੇ ਲੰਡਨ ਓਵਰਗ੍ਰਾਊਂਡ ਟੱਚਸਕ੍ਰੀਨ ਟਿਕਟ ਮਸ਼ੀਨਾਂ ਅਤੇ ਸਟੇਸ਼ਨ ਟਿਕਟ ਦਫ਼ਤਰਾਂ 'ਤੇ
- ਲੰਡਨ ਟ੍ਰੈਵਲ ਇਨਫ਼ਾਰਮੇਸ਼ਨ ਸੈਂਟਰਾਂ 'ਤੇ
- ਡੀਐੇਲਆਰ ਟੱਚਸਕ੍ਰੀਨ ਟਿਕਟ ਮਸ਼ੀਨਾਂ 'ਤੇ
- ਨੈਸ਼ਨਲ ਰੇਲ ਦੀਆਂ ਚੋਣਵੀਆਂ ਟੱਚਸਕ੍ਰੀਨ ਟਿਕਟ ਮਸ਼ੀਨਾਂ (ਸਿਰਫ਼ ਪੇ ਐਜ਼ ਯੂ ਗੋ ਅਤੇ 7 ਦਿਨ ਦੇ ਟ੍ਰੈਵਲਕਾਰਡ) ਅਤੇ ਟਿਕਟ ਦਫ਼ਤਰਾਂ 'ਤੇ

# ਆਪਣੇ **Oyster** ਕਾਰਡ ਨੂੰ ਰਜਿਸਟਰ ਕਰੋ ਅਤੇ ਸੁਰੱਖਿਅਤ ਕਰੋ

ਜਦੋਂ ਤੁਸੀਂ ਆਪਣੇ Oyster ਕਾਰਡ ਨੂੰ ਰਜਿਸਟਰ ਕਰਦੇ ਹੋ ਤਾਂ ਤੁਹਾਡੇ ਕਾਰਡ ਦੇ ਗੁੰਮ ਜਾਂ ਚੋਰੀ ਹੋ ਜਾਣ ਦੀ ਸਥਿਤੀ ਵਿੱਚ ਤੁਹਾਡਾ ਕ੍ਰੈਡਿਟ ਅਤੇ ਸੀਜ਼ਨ ਟਿਕਟਾਂ ਸੁਰੱਖਿਅਤ ਹੁੰਦੀਆਂ ਹਨ। ਤੁਸੀਂ ਯਾਤਰਾ ਬਾਰੇ ਉਹਨਾਂ ਤਾਜ਼ਾ ਜਾਣਕਾਰੀਆਂ (ਯੋਜਨਾਬੱਧ ਰੁਕਾਵਟਾਂ ਸਮੇਤ) ਜੋ ਤੁਹਾਡੀ ਨਿਯਮਿਤ ਯਾਤਰਾ ਨੂੰ ਪ੍ਰਭਾਵਤ ਕਰਦੀਆਂ ਹਨ, ਅਤੇ ਨਵੀਆਂ ਸੇਵਾਵਾਂ ਬਾਰੇ ਜਾਣਕਾਰੀ ਤੋਂ ਵੀ ਲਾਭ ਉਠਾ ਸਕਦੇ ਹੋ।

ਜੇ ਤੁਸੀਂ ਅਜੇ ਤੱਕ ਆਪਣੇ Oyster ਕਾਰਡ ਨੂੰ ਰਜਿਸਟਰ ਨਹੀਂ ਕੀਤਾ ਹੈ ਤਾਂ ਇਕ ਰਜਿਸਟ੍ਰੇਸ਼ਨ ਫਾਰਮ ਚੁੱਕੋ ਅਤੇ ਭਰੇ ਹੋਏ ਫ਼ਾਰਮ ਨੂੰ ਆਪਣੇ ਸਥਾਨਕ Oyster ਟਿਕਟ ਸਟਾਪ, ਟਿਊਬ ਜਾਂ ਲੰਡਨ ਓਵਰਗ੍ਰਾਊਂਡ ਸਟੇਸ਼ਨ 'ਤੇ ਵਾਪਸ ਭੇਜ ਦਿਓ। ਵਿਕਲਪਕ ਰੂਪ ਵਿੱਚ, ਤੁਸੀਂ ਆਪਣੇ Oyster ਕਾਰਡ ਨੂੰ ਆਨਲਾਈਨ **tfl.gov.uk/oyster** 'ਤੇ ਸੁਰੱਖਿਅਤ ਕਰ ਸਕਦੇ ਹੋ।




## ਯਾਦ ਰੱਖੋ!

## ਆਪਣੇ **Oyster** ਕਾਰਡ ਨੂੰ ਰਜਿਸਟਰ ਕਰੋ।

# ਆਮ ਤੌਰ 'ਤੇ ਪੁੱਛੇ ਜਾਂਦੇ ਸਵਾਲ

## ਜੇ ਮੇਰਾ Oyster ਕਾਰਡ ਗੁੰਮ ਜਾਂ ਚੋਰੀ ਹੋ ਜਾਂਦਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਡਾ Oyster ਕਾਰਡ ਰਜਿਸਟਰਡ ਜਾਂ ਸੁਰੱਖਿਅਤ ਕੀਤਾ ਹੋਇਆ ਹੈ ਤਾਂ ਤੁਹਾਡਾ ਕ੍ਰੈਡਿਟ ਅਤੇ/ਜਾਂ ਟਿਕਟ ਸੁਰੱਖਿਅਤ ਹੁੰਦੇ ਹਨ। ਹੋਰ ਜਾਣਕਾਰੀ ਲਈ ਅਤੇ ਕਾਰਡ ਦੇ ਗੁੰਮ ਜਾਂ ਚੋਰੀ ਹੋ ਜਾਣ ਦੀ ਸੂਚਨਾ ਦੇਣ ਲਈ, **tfl.gov.uk/oyster** 'ਤੇ ਆਨਲਾਈਨ ਜਾਓ ਜਾਂ Oyster ਹੈਲਪਲਾਈਨ ਨੂੰ **0845 330 9876** 'ਤੇ ਕਾਲ ਕਰੋ। ਤੁਹਾਨੂੰ ਕਿਸੇ ਅਣ-ਰਜਿਸਟਰਡ/ਅਣ-ਸੁਰੱਖਿਅਤ Oyster ਕਾਰਡ ਜਿਸ ਦੇ ਗੁੰਮ ਜਾਂ ਚੋਰੀ ਹੋਣ ਦੀ ਸੂਚਨਾ ਦਿੱਤੀ ਗਈ ਹੈ, 'ਤੇ ਰਿਫ਼ੰਡ (ਧਨ-ਵਾਪਸੀ) ਨਹੀਂ ਮਿਲ ਸਕਦਾ।

## ਮੇਰੇ ਤੋਂ ਵੱਧ ਤੋਂ ਵੱਧ Oyster ਕਿਰਾਇਆ ਕਿਉਂ ਵਸੂਲਿਆ ਗਿਆ ਹੈ?

ਵੱਧ ਤੋਂ ਵੱਧ Oyster ਕਿਰਾਏ ਦੀ ਵਸੂਲੀ ਉਦੋਂ ਕੀਤੀ ਜਾਂਦੀ ਹੈ ਜਦੋਂ ਤੁਸੀਂ Oyster ਪੇ ਐਜ਼ ਯੂ ਗੋ ਦੀ ਵਰਤੋਂ ਕਰਦੇ ਹੋਏ ਟਿਊਬ, ਡੀਐਲਆਰ, ਲੰਡਨ ਓਵਰਗ੍ਰਾਊਂਡ ਜਾਂ ਨੈਸ਼ਨਲ ਰੇਲ ਸੇਵਾਵਾਂ 'ਤੇ ਸਹੀ ਢੰਗ ਨਾਲ ਟੱਚ ਇਨ ਅਤੇ ਟੱਚ ਆਊਟ ਨਹੀਂ ਕਰਦੇ।

## ਜੇ ਮੇਰੇ Oyster ਕਾਰਡ 'ਤੇ ਬਕਾਇਆ ਮਨਫ਼ੀ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਨੂੰ ਆਪਣੀ ਅਗਲੀ ਯਾਤਰਾ ਕਰਨ ਤੋਂ ਪਹਿਲਾਂ ਮਨਫ਼ੀ ਬਕਾਇਆ ਚੁਕਾਉਣ ਵਾਸਤੇ ਕ੍ਰੈਡਿਟ ਜੋੜਨਾ ਪਏਗਾ। ਜਦੋਂ ਤੱਕ ਤੁਸੀਂ ਅਜਿਹਾ ਨਹੀਂ ਕਰਦੇ ਤੁਸੀਂ ਯਾਤਰਾ ਨਹੀਂ ਕਰ ਸਕੋਗੇ।

## ਮੈਨੂੰ ਲਗਦਾ ਹੈ ਕਿ ਮੇਰੇ ਤੋਂ ਵਾਧੂ ਵਸੂਲੀ ਕੀਤੀ ਗਈ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਡਾ ਕਾਰਡ ਰਜਿਸਟਰਡ ਹੈ ਅਤੇ ਤੁਸੀਂ ਪਹਿਲਾਂ ਆਨਲਾਈਨ ਟੌਪ-ਅੱਪ ਕੀਤਾ ਹੈ, ਤਾਂ ਕਿਰਪਾ ਕਰਕੇ ਆਪਣੀ ਯਾਤਰਾ ਦੇ ਪਿਛਲੇ ਵੇਰਵੇ ਆਨਲਾਈਨ ਦੇਖੋ। ਨਹੀਂ ਤਾਂ, ਇਹ ਦੇਖਣ ਲਈ ਟੱਚਸਕ੍ਰੀਨ ਟਿਕਟ ਮਸ਼ੀਨ ਦੀ ਵਰਤੋਂ ਕਰੋ ਕਿ ਤੁਹਾਡੇ ਤੋਂ ਕਿੰਨੀ ਵਸੂਲੀ ਕੀਤੀ ਗਈ ਹੈ। ਜੇ ਆਪਣੇ ਕਿਰਾਇਆਂ ਬਾਰੇ ਅਜੇ ਵੀ ਤੁਹਾਡਾ ਕੋਈ ਸਵਾਲ ਹੋਵੇ ਤਾਂ Oyster ਹੈਲਪਲਾਈਨ ਨੂੰ **0845 330 9876** 'ਤੇ ਕਾਲ ਕਰੋ।

## ਹੋਰ ਮਦਦ ਦੀ ਲੋੜ ਹੈ?

- ਹੋਰ ਜਾਣਕਾਰੀ ਅਤੇ ਕਿਰਾਇਆਂ ਦੇ ਵੇਰਵਿਆਂ ਲਈ **tfl.gov.uk/oyster** 'ਤੇ ਜਾਓ
- ਟਿਊਬ ਅਤੇ ਲੰਡਨ ਓਵਰਗ੍ਰਾਊਂਡ ਸਟੇਸ਼ਨਾਂ 'ਤੇ ਸਟਾਫ਼ ਦੇ ਕਿਸੇ ਮੈਂਬਰ ਨੂੰ ਪੁੱਛੋ
- **0845 330 9876** 'ਤੇ ਕਾਲ ਕਰੋ

ਅਗਸਤ 2011. ਸਾਰੀ ਜਾਣਕਾਰੀ ਛਪਾਈ ਲਈ ਜਾਣ ਸਮੇਂ ਸਹੀ। ਸਭ ਤੋਂ ਤਾਜ਼ਾ ਜਾਣਕਾਰੀ ਲਈ, ਕਿਰਪਾ ਕਰਕੇ **tfl.gov.uk/oyster** 'ਤੇ ਜਾਓ।

ਵੈਬਸਾਈਟ
**tfl.gov.uk**

Oyster ਹੈਲਪਲਾਈਨ ਨੰਬਰ
**0845 330 9876**